ਸੰਡੇ ਮੈਗਜ਼ੀਨ

ਅੱਜ ਦੀ ਆਵਾਜ਼

ਪੰਜਾਬ ਦੀ ਉਮੀਦ

www.ajdiawaaz.com

ਕੀਮਤ 2 ਰੁਪਏ

• ਜਲੰਧਰ ਐਤਵਾਰ • 17 ਜਨਵਰੀ, 2010 • 5 ਮਾਘ ਨਾਨਕਸ਼ਾਹੀ ਸੰਮਤ 541

ਸੰਪਾਦਕੀ/ ਬਲਜੀਤ ਸਿੰਘ ਬਰਾੜ

ਮਿੱਟੀ ਵਿੱਚ ਰੁਲੇ ਮੁੱਦੇ

ਬੰਦਿਆਂ ਵਾਂਗ ਮੁੱਦਿਆਂ ਦੀ ਵੀ ਅਜੀਬ ਹੋਣੀ ਹੈ। ਮੁੱਦੇ ਉੱਠਦੇ ਹਨ, ਨਾਅਰੇ ਲੱਗਦੇ ਹਨ, ਫਿਰ ਵਖਤ ਦੀ ਧੂੜ ਵਿੱਚ ਗਵਾਚ ਜਾਂਦੇ ਹਨ। ਪੁਰਾਣਿਆਂ ਦੀ ਥਾਂ ਨਵੇਂ ਮੁੱਦੇ ਲੈ ਲੈਂਦੇ ਹਨ। ਇਸ ਉਧੇੜ ਬੁਣ ਵਿੱਚ ਕਈ ਅਹਿਮ ਪੁਰਾਣੇ ਮੁੱਦੇ ਲੋਕਾਂ ਦੇ ਚੇਤਿਆਂ 'ਚੋਂ ਮਨਫ਼ੀ ਹੋ ਜਾਂਦੇ ਹਨ। ਇਸ ਚੱਕਰਵਿਊ ਵਿੱਚ ਫਸ ਕੇ ਕੌਮਾਂ ਦੀ ਹੋਣੀ ਨਾਲ ਜੁੜੇ ਹੋਏ ਮੁੱਦਿਆਂ ਦਾ ਵਿਸਰ ਜਾਣਾ ਠੀਕ ਨਹੀਂ ਹੁੰਦਾ। ਇਸ ਨਾਲ ਕੌਮਾਂ ਇਤਿਹਾਸ ਦੇ ਹਾਸ਼ੀਏ ਉਪਰ ਚਲੀਆਂ ਜਾਂਦੀਆਂ ਹਨ। ਸਿੱਖ

ਭਾਈਚਾਰਾ ਵੀ ਇਸ ਅਣਹੋਣੀ ਵਿੱਚੋਂ ਗੁਜਰ ਰਿਹਾ ਹੈ। ਕੌਮ ਦੇ ਭਵਿੱਖ ਨਾਲ ਜੁੜੇ ਅਸਲ ਮੁੱਦੇ ਗਵਾਚ ਗਏ ਹਨ। ਗੈਰ-ਜਰੂਰੀ ਮੁੱਦਿਆਂ 'ਤੇ ਜ਼ੋਰ ਅਜਮਾਈ ਹੋ ਰਹੀ ਹੈ। ਅਸਲ ਮੁੱਦਿਆਂ ਦਾ ਗਵਾਚਣਾ ਇਤਿਹਾਸ ਦਾ ਸਹਿਜ ਨਹੀਂ ਹੁੰਦਾ ਕਿ ਇਸ ਨੂੰ ਕੌਮ ਦੀ ਹੋਣੀ ਸਮਝ ਕੇ ਬਰਦਾਸ਼ਤ ਕਰ ਲਿਆ ਜਾਂਦਾ ਹੈ। ਅਸਲ ਵਿੱਚ ਅਜਿਹੇ ਮੁੱਦੇ ਗਵਾਚਦੇ ਨਹੀਂ ਹਨ। ਉਨ੍ਹਾਂ ਨੂੰ ਠੰਢਾ ਕਰਨ ਲਈ ਤਰਤੀਬਾਂ ਲੜਦੀਆਂ ਹਨ। ਕੌਮਾਂ ਦੀ ਹੋਣੀ ਨੂੰ ਬਦਲਣ ਵਾਲੇ ਇਹ ਮੁੱਦੇ ਉਂਝ ਹਮੇਸ਼ਾ ਕਾਇਮ ਰਹਿੰਦੇ ਹਨ, ਪਰ ਉਨ੍ਹਾਂ ਦੁਆਲੇ ਜੁੜੀ ਸ਼ਿੱਦਤ ਕਮਜ਼ੋਰ ਪੈ ਜਾਂਦੀ ਹੈ। ਸਮੇਂ ਦੇ ਹੁਕਮਰਾਨ ਅਤੇ ਵਿਰੋਧੀ ਤਾਕਤਾਂ ਹਮੇਸ਼ਾਂ ਇਸ ਫਿਰਾਕ ਵਿੱਚ ਰਹਿੰਦੀਆਂ ਹਨ ਕਿ ਅਸਲ ਮੁੱਦੇ ਭੱਖਦੇ ਨਾ ਰਹਿਣ। ਉਨ੍ਹਾਂ ਨੂੰ ਸਮੇਂ ਦੀ ਧੂੜ ਵਿੱਚ ਰੋਲ ਦਿੱਤਾ ਜਾਂਦਾ ਹੈ। ਮਹਾਰਾਜਾ ਰਣਜੀਤ ਸਿੰਘ ਵੱਲੋਂ ਯਤਨਾਂ ਨਾਲ ਕਾਇਮ ਕੀਤੀ ਗਈ ਸਿੱਖ ਬਾਦਸ਼ਾਹਤ ਦਾ ਪਤਨ ਸਿੱਖ ਅੱਜ ਤੱਕ ਨਹੀਂ ਭੁੱਲ ਸਕੇ। ਪਿਛਲੇ ਸਮੇਂ ਦੌਰਾਨ ਸਿੱਖ ਰਾਜ ਦੀਆਂ ਯਾਦਾਂ ਨੂੰ ਸਿੱਖ ਭਾਈਚਾਰੇ ਦੇ ਮਨਾਂ ਵਿੱਚੋਂ ਭੁਲਾਉਣ ਲਈ ਹਰ ਹੀਲਾ ਵਰਤਿਆ ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿੱਛੋਂ ਅਜਿਹੇ ਹਾਲਾਤ ਬਣਾ ਦਿੱਤੇ ਗਏ ਹਨ ਕਿ ਸਿੱਖ ਛੋਟੇ-ਛੋਟੇ ਵਰਗਾਂ ਵਿੱਚ ਵੰਡੇ ਗਏ। ਉਨ੍ਹਾਂ ਨੂੰ ਜਾਤਾਂ ਅਤੇ ਉਪ-ਜਾਤਾਂ ਵਿੱਚ ਵੰਡ ਕੇ ਲੜਾਇਆ ਗਿਆ। ਫਿਰ ਇਸ ਵੰਡੀ ਦੌਰਾਨ ਹੀ ਅਜਿਹੇ ਮੁੱਦੇ ਉਭਾਰੇ ਗਏ ਜਿਨ੍ਹਾਂ ਦਾ ਸਿੱਖ ਪੰਥ ਦੀ ਸਿਆਸੀ ਹੋਂਦ ਨਾਲ ਕੋਈ ਸਰੋਕਾਰ ਨਹੀਂ ਸੀ। ਅਜਿਹੇ ਮੁੱਦਿਆਂ ਦੇ ਉਭਾਰ ਕਾਰਨ ਹੀ ਸਿੱਖ ਆਪਣੀ ਬਾਦਸ਼ਾਹਤ ਨੂੰ ਬਹਾਲ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਰਹੇ। ਅੰਗਰੇਜੀ ਰਾਜ ਦੇ ਸਮੇਂ ਜੇਕਰ ਸਿੱਖ ਭਾਈਚਾਰਾ ਆਪਣੀ ਸਾਰੀ ਸ਼ਕਤੀ ਸਿੱਖ ਬਾਦਸ਼ਾਹਤ ਦੀ ਬਹਾਲੀ ਉੱਪਰ ਲਾ ਦਿੰਦਾ ਤਾਂ ਅੱਜ ਹਾਲਾਤ ਹੋਰ ਹੋਣੇ ਸਨ। ਗੈਰ-ਜਰੂਰੀ ਮੁੱਦਿਆਂ 'ਤੇ ਸ਼ਕਤੀ ਨਸ਼ਟ ਕਰਨ ਕਾਰਨ ਹੀ ਸਿੱਖ ਭਾਰਤ ਅਤੇ ਪਾਕਿਸਤਾਨ ਦੀ ਵੰਡ ਸਮੇਂ ਆਪਣਾ ਹੱਕ ਲੈਣ ਵਿੱਚ ਕਾਮਯਾਬ ਨਹੀਂ ਹੋ ਸਕੇ। ਸੰਨ 1947 ਤੋਂ ਪਿੱਛੋਂ ਸਿੱਖ ਭਾਈਚਾਰਾ ਲਗਾਤਾਰ ਸੰਕਟ ਵਿੱਚ ਰਿਹਾ ਹੈ। ਇਸ ਸੰਕਟ ਦਾ ਵੱਡਾ ਕਾਰਨ ਵੀ ਇਹੋ ਹੈ ਕਿ ਸਿੱਖ ਲੀਡਰਸ਼ਿਪ ਵੱਲੋਂ ਅਸਲ ਮੁੱਦਿਆਂ 'ਤੇ ਧਿਆਨ ਕੇਂਦਰਿਤ ਨਹੀਂ ਕੀਤਾ ਗਿਆ। ਪਿਛਲੇ 6 ਦਹਾਕਿਆਂ ਦੌਰਾਨ ਗੈਰ-ਜ਼ਰੂਰੀ ਮੁੱਦਿਆਂ 'ਤੇ ਸਾਰੀ ਪੰਥਕ ਸ਼ਕਤੀ ਨਸ਼ਟ ਹੁੰਦੀ ਰਹੀ। 80ਵਿਆਂ ਵਿੱਚ ਸ਼ੁਰੂ ਕੀਤਾ ਗਿਆ ਧਰਮ ਯੁੱਧ ਮੋਰਚਾ ਸਿੱਖ ਭਾਈਚਾਰੇ ਨੂੰ ਇੱਕ ਸਹੀ ਦਿਸ਼ਾ ਵੱਲ ਲਿਜਾ ਰਿਹਾ ਸੀ। ਇਸ ਮੋਰਚੇ ਨਾਲ ਸਿੱਖਾਂ ਅੰਦਰ ਬਾਦਸ਼ਾਹਤ ਦੀ ਤੜਫ ਮੁੜ ਪੈਦਾ ਹੋ ਗਈ। ਸਿੱਖ ਪੰਥ ਦਾ ਨਿਆਰਾਪਨ ਹੀ ਉਸਦੀ ਸ਼ਕਤੀ ਹੈ। ਸਿੱਖ ਵਿਰੋਧੀ ਤਾਕਤਾਂ ਹਮੇਸ਼ਾਂ ਇਸ ਯਤਨ ਵਿੱਚ ਰਹਿੰਦੀਆਂ ਹਨ ਕਿ ਉਨ੍ਹਾਂ ਦੀ ਸਿਆਸੀ ਅਤੇ ਧਾਰਮਿਕ ਤਾਕਤ ਨੂੰ ਗੈਰ-ਜ਼ਰੂਰੀ ਮੁੱਦੇ ਉਠਾ ਕੇ ਕਮਜ਼ੋਰ ਕੀਤਾ ਜਾਵੇ। ਪਿਛਲੇ ਸਮੇਂ ਦੌਰਾਨ ਉਠਾਏ ਗਏ ਇਨ੍ਹਾਂ ਗੈਰ-ਜਰੂਰੀ ਮੁੱਦਿਆਂ ਦੀ ਧੂੜ ਵਿੱਚ ਹੀ ਸਿੱਖ ਧਰਮਯੁੱਧ ਮੋਰਚੇ ਦਾ ਮਕਸਦ ਕਿੱਧਰੇ ਗਵਾਚ ਗਿਆ ਹੈ? ਇਹ ਬੇਹੱਦ ਦੁੱਖਦ ਸਥਿਤੀ ਹੈ ਕਿ ਵੱਡੀਆਂ ਕੁਰਬਾਨੀਆਂ ਵਾਲੇ ਸਿੱਖ ਧਰਮਯੁੱਧ ਮੋਰਚੇ ਦੀ ਅੰਤਿਮ ਪ੍ਰਾਪਤੀ ਹਾਲੇ ਤੱਕ ਉਜਾਗਰ ਨਹੀਂ ਹੋ ਸਕੀ। ਇਸ ਦਾ ਇੱਕ ਕਾਰਨ ਇਹ ਹੈ ਕਿ ਸਿੱਖ ਪੰਥ ਨੇ ਇਸ ਮੋਰਚੇ ਦੇ ਮਕਸਦ ਅਤੇ ਮੋਰਚੇ ਦੇ ਨਾਲ ਜੁੜੇ ਮੁੱਦਿਆਂ ਪ੍ਰਤੀ ਸ਼ਿਦੱਤ ਨੂੰ ਤਿਆਗ ਦਿੱਤਾ ਹੈ। ਸਿੱਖ ਪੰਥ ਦੀ ਭਲਾਈ ਇਸ ਵਿੱਚ ਹੈ ਕਿ ਉਹ ਗੈਰ-ਜਰੂਰੀ ਮੁੱਦਿਆਂ 'ਤੇ ਆਪਣੀ ਸ਼ਕਤੀ ਨੂੰ ਨਸ਼ਟ ਕਰਨ ਦੀ ਥਾਂ ਕੌਮ ਦੇ ਬਿਹਤਰ ਭਵਿੱਖ ਲਈ ਅਸਲ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰੇ। ਇਸ ਤੋਂ ਬਿਨਾਂ ਸਿੱਖ ਪੰਥ ਦੀ ਮੁਕਤੀ ਦਾ ਹੋਰ ਕੋਈ ਸਾਧਨ ਨਹੀਂ।

ਨਕਸਲਬਾੜੀ ਲਹਿਰ ਦਾ ਉਭਾਰ

ਲਖਵਿੰਦਰ ਸਿੰਘ

ਅੱਜ ਹਿੰਦੋਸਤਾਨ ਅੰਦਰ ਹਥਿਆਰਬੰਦ ਬਗ਼ਾਵਤਾਂ ਦਾ ਬੋਲ-ਬਾਲਾ ਹੈ, ਜੋ ਕਿ ਆਮ ਆਦਮੀ ਅਤੇ ਸਮੁੱਚੇ ਦੇਸ਼ ਲਈ ਚਿੰਤਾ ਦਾ ਵਿਸ਼ਾ ਹੈ। ਇਹਨਾਂ ਬਗਾਵਤਾਂ ਵਿੱਚੋਂ ਸਭ ਤੋਂ ਗਹਿਰੀ ਸਮੱਸਿਆ ਨਕਸਲਬਾੜੀ ਲਹਿਰ ਦੀ ਹੈ ਜੋ ਕਿ ਦੇਸ਼ ਦੇ 16 ਸੂਬਿਆਂ ਦੇ 300 ਜ਼ਿਲ੍ਹਿਆਂ ਵਿੱਚ ਆਪਣੇ ਪੈਰ ਪੂਰੀ ਤਰ੍ਹਾਂ, ਪਸਾਰ ਚੁੱਕੀ ਹੈ, ਹੱਥਿਆਰਬੰਦ ਬਗ਼ਾਵਤਾਂ ਕੋਈ ਸ਼ੌਕ ਨਹੀਂ, ਸਗੋਂ ਇਹਨਾਂ ਦਾ ਪਿਛੋਕੜ ਅਜਿਹੀਆਂ ਗੰਭੀਰ ਸੱਮਸਿਆਵਾਂ ਨਾਲ ਜੁੜਿਆ ਹੁੰਦਾ ਹੈ, ਜਿਨ੍ਹਾਂ ਦਾ ਹੱਲ ਰਾਜਸੀ ਹੁੰਦਾ ਹੈ। ਮਨੁੱਖ ਇਸ ਧਰਤੀ 'ਤੇ ਸੁੱਖ-ਚੈਨ ਦੀ ਜ਼ਿੰਦਗੀ ਬਸਰ ਕਰਨੀ ਚਾਹੁੰਦਾ ਹੈ,ਏਹੋ ਜਿਹੀ ਜ਼ਿੰਦਗੀ ਲਈ ਉਹ ਸੁਰੱਖਿਅਤ ਸਥਾਨਾਂ ਦੀ ਚੋਣ ਕਰਦਾ ਹੈ ਅਤੇ ਪੇਟ ਪਾਲਣ ਲਈ ਰੁਜ਼ਗਾਰ ਕਰਨਾ ਮਨੁੱਖ ਦੀ ਫਿਤਰਤ ਦਾ ਭਾਗ ਹੈ ਪਰ ਕੀ ਕਾਰਨ ਹੈ ਇਹੀ ਕਿਰਤੀ ਮਨੁੱਖ ਅਜਿਹਾ ਰਸਤਾ ਚੁਣ ਲੈਂਦਾ ਹੈ ਜੋ ਸਿੱਧਾ ਮੌਤ ਦੇ ਦਰ ਜਾ ਪਹੁੰਚਦਾ ਹੈ, ਸ਼ਾਇਦ ਮੌਤ ਦੇ ਦਰ ਉਹੀ ਜਾਂਦੇ ਹਨ ਜੋ ਕਿਸੇ ਸੰਤਾਪ ਦੇ ਸਤਾਏ ਹੋਣ, ਉਹੀ ਬਗ਼ਾਵਤਾਂ ਕਰਦੇ ਹਨ ਜਿਨ੍ਹਾਂ ਨਾਲ ਬੇ-ਇਨਸਾਫ਼ੀ ਧੱਕੇਸ਼ਾਹੀ, ਜ਼ਿਆਦਤੀਆ ਅਤੇ ਵਿਤਕਰੇ ਹੋਏ ਹੋਣ। ਸਾਂਝੇ ਪਰਿਵਾਰ ਵਿੱਚ ਵੀ ਵਿਤਕਰੇ ਅਤੇ ਅਨਿਆਂ ਦਾ ਸ਼ਿਕਾਰ ਵਿਅਕਤੀ ਬਗ਼ਾਵਤ ਕਰ ਦਿੰਦਾ ਹੈ, ਪਰ ਪਰਿਵਾਰਕ ਬਗ਼ਾਵਤ ਸਿਆਣੇ ਬੰਦੇ ਰਲ-ਮਿਲ ਕੇ ਖ਼ਤਮ ਕਰਵਾ ਦਿੰਦੇ ਹਨ ਜੇ ਕਰ ਪਰਿਵਾਰ ਦਾ ਅੜੀਅਲ ਮੁੱਖੀ ਕਿਸੇ ਗੱਲ 'ਤੇ ਸਹਿਮਤ ਨਾ ਹੋਵੇ ਤਾਂ ਪਰਿਵਾਰਕ ਬਗ਼ਾਵਤ ਵੀ ਹਿੰਸਕ ਅਤੇ ਖ਼ੂਨੀ ਹੋ ਜਾਂਦੀ ਹੈ, ਪਰਿਵਾਰਕ ਬਗ਼ਾਵਤਾਂ ਦੇ ਨਾਲ ਹੀ ਕਿਸੇ ਦੇਸ਼ ਦੀ ਬਗ਼ਾਵਤ ਮੇਲ ਖਾਂਦੀ ਹੈ। ਇਸ ਲੇਖ ਰਾਹੀ ਅਸੀਂ ਸਿਰਫ਼ ਆਪਣੇ ਮੁਲਕ ਅੰਦਰ ਉੱਠੀ ਹਥਿਆਰਬੰਦ ਨਕਸਲਬਾੜੀ ਲਹਿਰ ਬਾਰੇ ਲਿਖਣ ਅਤੇ ਜਾਨਣ ਦੀ ਕੋਸ਼ਿਸ਼ ਕਰਾਂਗੇ ਕਿ ਇਹ ਲਹਿਰ ਕਿਉਂ, ਕਦੋਂ ਪੈਦਾ ਹੋਈ ਅਤੇ ਇਸ ਦੇ ਕਾਰਣ ਕੀ ਸਨ ਅਤੇ ਇਸ ਗੰਭੀਰ ਸਮੱਸਿਆ ਦਾ ਕੀ ਹੱਲ ਹੈ। ਅੱਜ ਇਹ ਵਿਸ਼ਾ ਗੰਭੀਰਤਾ ਨਾਲ ਸੋਚਣ ਵਿਚਾਰਨ ਦਾ ਵਿਸ਼ਾ ਹੈ।

ਭਾਰਤ ਸਦੀਆਂ ਤੱਕ ਵਿਦੇਸ਼ੀ ਧਾੜਵੀਆਂ ਦਾ ਗੁਲਾਮ ਰਿਹਾ ਹੈ, ਜਿਹੜੇ ਮੁਲਕ ਤੇ ਹਕੂਮਤ ਵੀ ਕਰਦੇ ਸਨ ਅਤੇ ਲੁੱਟਦੇ ਵੀ ਸਨ। ਭਾਰਤੀਆਂ ਲਈ ਦੋਵੇਂ ਹੀ ਅਸਹਿ ਸਨ। ਇਸ ਜਲਾਲਤ ਭਰੀ ਜ਼ਿੰਦਗੀ ਤੋਂ ਛੁਟਕਾਰਾ ਪਾਉਣਾ ਲਾਜ਼ਮੀ ਸੀ, ਜੋ ਕਿ ਆਜ਼ਾਦੀ ਰਾਹੀ ਹੀ ਸੰਭਵ ਸੀ, ਭਾਰਤ ਨੂੰ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਮੁਕਤ ਕਰਾਉਣ ਹਥਿਆਰਬੰਦ ਘੋਲ ਕੀਤੇ, ਮੁਗਲ, ਪਠਾਣਾਂ, ਲੋਧੀ ਅਤੇ ਅੰਗਰੇਜ਼ਾਂ ਨਾਲ ਯੁੱਧ ਕਰਦਿਆਂ ਏਥੋਂ ਦੇ ਕਿਰਤੀ ਅਤੇ ਮਿਹਨਤਕਸ ਵਰਗ ਨੇ ਖ਼ੂਨ ਪਾਣੀ ਵਾਂਗ ਵਹਾਇਆ, ਅੰਤ ਇਸ ਮੁਲਕ ਦੇ ਆਖ਼ਰੀ ਕਾਬਜਕਾਰ ਅੰਗਰੇਜ਼ 15 ਅਗਸਤ 1947 ਨੂੰ ਦੇਸ਼ ਛੱਡ ਗਏ ਅਤੇ ਸਭਾ ਭਾਰਤੀਆਂ ਹਵਾਲੇ ਕਰ ਗਏ ਜੋ ਕਿ ਪਹਿਲਾਂ ਹੀ ਸੱਤਾ'ਤੇ ਕਬਜ਼ਾ ਕਰਨ ਲਈ ਅੰਗਰੇਜ਼ਾਂ ਦੇ ਝੋਲੀ ਝੁੱਕ ਬਣ ਚੁੱਕੇ ਸਨ।

ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਉਭਰੀ ਨਕਸਲਬਾੜੀ ਲਹਿਰ ਕਿਨ੍ਹਾਂ ਕਾਰਨਾਂ ਦਾ ਸਿੱਟਾ ਹੈ, ਅੱਜ ਇਹ ਸੋਚਣ ਵਿਚਾਰਨ ਵਾਲੀ ਗੱਲ ਹੈ। ਭਾਰਤ ਆਜ਼ਾਦ ਹੋਣ ਤੋਂ ਪਹਿਲਾਂ ਭਾਰਤੀ ਨੇਤਾਵਾਂ ਨੇ ਲੋਕਾਂ ਨੂੰ ਆਜ਼ਾਦ ਭਾਰਤ ਦੇ ਅਜਿਹੇ ਸੁਪਨੇ ਦਿਖਾਏ ਕਿ ਹਰੇਕ ਭਾਰਤੀ ਵਿਦੇਸ਼ੀਆਂ ਤੋਂ ਨਿਜ਼ਾਤ ਚਾਹੁੰਦਾ ਸੀ, ਪਰ ਦੇਸ਼ ਆਜਾਦ ਹੋਣ 'ਤੇ ਸਭ ਕੁੱਝ ਬਦਲ ਗਿਆ, ਨੇਤਾ ਵਾਅਦਿਆਂ ਤੋਂ ਮੁੱਕਰ ਗਏ ਅਤੇ ਉਹ ਕਪਟੀ ਨੇਤਾ ਸਮੁੱਚੇ ਭਾਰਤ ਵਾਸੀਆਂ ਦੀ ਤਰੱਕੀ ਵਾਲੀ ਸੋਚ ਅਤੇ ਇੱਛਾ ਨੂੰ ਤਿਲਾਂਜਲੀ ਦੇ ਕੇ ਵਿਅਕਤੀਗਤ ਤਰੱਕੀ ਤੇ ਕੇਂਦਿਰਿਤ ਹੋ ਗਏ, ਹਰੇਕ ਭਾਰਤੀ ਅਜ਼ਾਦੀ ਦਾ ਆਨੰਦ ਮਾਨਣਾ ਚਾਹੁੰਦਾ ਸੀ, ਗੁਲਾਮ ਭਾਰਤ ਦੇ ਵਾਸੀ ਆਪਣੇ ਹਰੇਕ ਸੰਕਟ (ਆਰਥਿਕ, ਸਮਾਜਿਕ, ਰਾਜਨੀਤਕ) ਦਾ ਨਿਵਾਰਨ ਆਜ਼ਾਦੀ ਵਿੱਚ ਦੇਖਣ ਲੱਗਿਆ, ਲੇਕਿਨ ਜਦ ਆਜ਼ਾਦੀ ਆਈ ਤਾਂ ਦੇਖਿਆ ਕਿ ਆਜ਼ਾਦੀ ਦੇ ਨਾਂ 'ਤੇ ਸਿਰਫ਼ ਸਭਾ ਦੀ ਹੀ ਤਬਦੀਲੀ ਹੋਈ ਹੈ, ਸਿਰਫ਼ ਸੱਤਾਧਾਰੀ ਬਦਲੇ ਹਨ, ਬਾਕੀ ਸਭ ਕੁੱਝ ਵਿਦੇਸ਼ੀਆਂ ਵਾਲਾ ਹੀ, ਕਹਿਣ ਦਾ ਭਾਵ ਭਾਰਤੀਆਂ ਦੀ ਹਾਲਤ ਵਿੱਚ ਕੋਈ ਸੁਧਾਰ ਨਾ ਹੋਇਆ ਅਜ਼ਾਦੀ ਆਮ ਲੋਕਾਂ ਤੱਕ ਨਾ ਪਹੁੰਚੀ, ਇਹਨਾਂ ਹਾਲਤਾਂ ਵਿੱਚ ਦੇਸ਼ ਭਗਤੀ ਦੇ ਜਜ਼ਬਾਤ ਜੜ੍ਹੋਂ ਉੱਖੜ ਗਏ। ਉਮੀਦਾਂ ਦੇ ਮਹਿਲ-ਮੁਨਾਰੇ ਢਹਿ-ਢੇਰੀ ਹੋਣ ਲੱਗੇ, ਆਸ਼ਾਵਾਂ ਨਿਰਾਸ਼ਾ ਵਿੱਚ ਬਦਲ ਗਈਆਂ। ਜੜ੍ਹੋਂ ਉੱਖੜ ਗਏ। ਉਮੀਦਾਂ ਦੇ ਮਹਿਲ ਮੁਨਾਰੇ ਢਹਿ -ਢੇਰੀ ਹੋਣ ਲੱਗੇ, ਆਸ਼ਾਵਾਂ-ਨਿਰਾਸ਼ਾ ਵਿੱਚ ਬਦਲ ਗਈਆਂ।

ਰਾਜ ਸਭਾ 'ਤੇ ਕਾਬਜ਼ ਧਿਰ ਅਤੇ ਉੱਚ ਅਹੁਦਿਆਂ 'ਤੇ ਬੈਠੇ ਭੱਦਰ-ਪੁਰਸ਼ ਨੇ ਆਜ਼ਾਦੀ ਤੋਂ ਪਹਿਲਾਂ ਪ੍ਰਚਾਰੇ ਆਦਰਸ਼ ਤਿਆਗਣੇ ਸ਼ੁਰੂ ਕਰ ਦਿੱਤੇ। ਰਾਜਸੀ ਆਗੂ ਅਤੇ ਉੱਚ ਪਦਵੀ 'ਤੇ ਬਿਰਾਜਮਾਨ ਅਫ਼ਸਰਸ਼ਾਹੀ ਨੇ ਸਰਮਾਏਦਾਰ ਅਤੇ ਜਗੀਰਦਾਰਾਂ ਨਾਲ ਗੱਠਜੋੜ ਕਰ ਲਿਆ ਅਤੇ ਨੈਤਿਕਤਾ ਨੂੰ ਕਿਧਰੇ ਖੱਲ ਖੂੰਜੇ ਘਸੋੜ ਦਿੱਤਾ, ਆਦਰਸ਼ ਹੀਣਤਾ ਪ੍ਰਧਾਨ ਹੋ ਗਈ। ਇਸ ਤਰ੍ਹਾਂ ਸਮਾਜ ਵਿੱਚ ਭਿਰਸ਼ਟਾਚਾਰ, ਰਿਸ਼ਵਤਖੋਰੀ, ਕੁਨਬਾਪਰਵਰੀ, ਵਿਭਚਾਰ ਸਮੇਤ ਹੋਰ ਸਮਾਜਿਕ ਬੁਰਾਈਆਂ ਦੈਂਤ ਰੂਪ ਧਾਰਨ ਕਰਕੇ ਸਾਹਮਣੇ ਆਈਆਂ। ਆਜ਼ਾਦੀ ਤੋਂ ਬਾਅਦ ਨਵੀਂ ਪੈਦਾ ਹੋਈ ਮੱਧ ਸ਼੍ਰੇਣੀ ਕਿਸੇ ਵੀ ਤਰ੍ਹਾਂ ਉੱਚ ਸ਼ਰੇਣੀ ਵਿੱਚ ਦਾਖ਼ਲ ਹੋਣ ਲਈ ਤਰਲੋ-ਮੱਛੀ ਹੋ ਰਹੀ ਸੀ, ਪਰ ਉੱਚ ਸ਼ੇਣੀ ਇਹ ਨਹੀਂ ਚਾਹੁੰਦੀ ਸੀ, ਨੈਤਿਕ ਕਦਰਾਂ-ਕੀਮਤਾਂ ਵਿੱਚ ਨਿਘਰ ਆਇਆ ਜਿਨਾਂ ਕਾਰਨ ਆਦਰਸ਼-ਹੀਣਤਾ ਨੇ ਜਨਮ ਲਿਆ, ਜੋ ਅੱਜ ਤੱਕ ਜਾਰੀ ਹੈ। ਫੈਲੀ ਇਸ ਆਦਰਸ਼ਹੀਣਤਾ ਨੂੰ ਸਾਡੇ ਮੂਰਖ ਸਿਆਸਤਦਾਨ ਅਤੇ ਵਢੀ ਖੋਰ ਅਧਿਕਾਰੀ ਸਮਝ ਨਾ ਸਕੇ ਜਾਂ ਜਾਣ-ਬੁੱਝ ਕੇ ਅੱਖਾਂ ਬੰਦ ਕਰ ਲਈਆਂ। ਉਹ ਸਿਰਫ਼ ਤੇ ਸਿਰਫ਼ ਦੌਲਤਾਂ ਦੇ ਅੰਬਾਰ ਜੋੜਨ ਤੱਕ ਸੀਮਤ ਰਹੇ, ਵਿੰਗੇ ਟੇਡੇ ਢੰਗ ਨਾਲ ਭਾਰਤੀਆਂ ਦਾ ਪੈਸਾ ਲੁੱਟ ਕੇ ਵਿਦੇਸ਼ਾਂ ਵਿੱਚ ਭੇਜਿਆ ਗਿਆ ਅਤੇ ਇਧਰ ਭਾਰਤ ਵਾਸੀ ਟੁਕੜੇ-ਟੁਕੜੇ ਨੂੰ ਤਰਸ ਗਏ। ਵਰਤਮਾਨ ਸਮੇਂ ਵਿੱਚ ਜੇ ਕਰ ਨਕਸਲਬਾੜੀ ਸੰਗਰਾਮ ਦੀ ਪਿੱਠ ਭੂਮੀ 'ਤੇ ਝਾਤ ਮਾਰੀਏ ਤਾਂ ਸਾਡੇ ਸਾਹਮਣੇ ਅੰਤਰ-ਰਾਸ਼ਟਰੀ ਪੱਧਰ'ਤੇ ਹੋਈਆਂ ਕ੍ਰਾਂਤੀਆਂ ਅਤੇ ਰਾਜਸੀ ਇਨਕਲਾਬਾਂ ਦੀਆਂ ਤਸਵੀਰਾਂ ਸਾਹਮਣੇ ਆਉਂਦੀਆਂ ਹਨ। ਕਾਰਲ ਮਾਰਕਸ ਤੋਂ ਬਾਅਦ ਰਾਜਨੀਤਕ

ਬਾਕੀ ਸਫਾ II 'ਤੇ



ਤ੍ਰੈਲੋਚਨ ਲੋਚੀ ਦੀਆਂ ਚਾਰ ਨਵੀਆਂ ਗ਼ਜ਼ਲਾਂ

ਤ੍ਰੈਲੋਚਨ ਲੋਚੀ

(1)

ਜ਼ਾਲਮ ਕਹਿਣ ਬਲਾਵਾਂ ਹੁੰਦੀਆਂ,
ਕੁੜੀਆਂ ਤਾਂ ਕਵਿਤਾਵਾਂ ਹੁੰਦੀਆਂ।

ਕਰਜ਼ ਇਨ੍ਹਾਂ ਦਾ ਕੌਣ ਉਤਾਰੇ,
ਰੱਬ ਤੋਂ ਵੱਡੀਆਂ ਮਾਵਾਂ ਹੁੰਦੀਆਂ।

ਉਮਰਾਂ ਦਾ ਇਹ ਜੋੜਨ ਰਿਸ਼ਤਾ,
ਉਂਝ ਤਾਂ ਚਾਰ ਹੀ ਲਾਵਾਂ ਹੁੰਦੀਆਂ।

ਮੈਂ ਜੰਗਲ ਨੂੰ ਤੁਰ ਜਾਣਾ ਸੀ,
ਘਰ ਵਿੱਚ ਜੇ ਨਾ ਛਾਵਾਂ ਹੁੰਦੀਆਂ।

ਮਰ-ਖਪ ਜਾਂਦਾ ਕਦ ਦਾ 'ਲੋਚੀ'
ਜੇ ਨਾ ਨਾਲ ਦੁਆਵਾਂ ਹੁੰਦੀਆਂ।

ਜ਼ਾਲਮ ਕਹਿਣ ਬਲਾਵਾਂ ਹੁੰਦੀਆਂ,
ਕੁੜੀਆਂ ਤਾਂ ਕਵਿਤਾਵਾਂ ਹੁੰਦੀਆਂ।

(2)

ਮੁਹੱਬਤ ਹੀ ਦਿਲਾਂ ਵਿੱਚੋਂ ਗੁੰਮਸ਼ੁਦਾ ਹੈ,
ਕੀ ਇੱਥੇ ਜੀਉਣ ਨੂੰ ਹੁਣ ਰਹਿ ਗਿਆ ਹੈ?

ਚੱਲੋ ਇਨਸਾਫ ਦੀ ਅਰਥੀ ਨੂੰ ਚੁੱਕੋ,
ਅਦਾਲਤ ਨੇ ਸੁਣਾਇਆ ਫੈਸਲਾ ਹੈ।

ਜ਼ਰਾ ਵਹਿੰਦੀ ਨਦੀ ਨੂੰ ਦੱਸ ਦੇਵੀਂ,
ਸਮੁੰਦਰ ਕਿੰਨੇ ਦਰਿਆ ਪੀ ਗਿਆ ਹੈ।

ਗੁਲਾਬੀ ਫੁੱਲ ਜਿੱਥੇ ਖਿੜ ਰਹੇ ਨੇ,
ਮੁਹੱਬਤ ਦਾ ਹੀ ਇੱਥੇ ਮਕਬਰਾ ਹੈ।

ਮੈਂ ਤੇਰੇ ਤੀਕ ਪੁੱਜਾਂ ਸਾਂਭ ਲੈ ਤੂੰ,
ਸਫਰ ਅਗਲੇ ਦਾ ਮੈਨੂੰ ਕੀ ਪਤਾ ਹੈ।

ਸੰਭਾਲਣ ਸ਼ਬਦ ਹੀ ਮੈਨੂੰ ਹਮੇਸ਼ਾਂ,
ਇਨ੍ਹਾਂ ਦਾ ਰੱਬ ਜਿੱਡਾ ਆਸਰਾ ਹੈ।

ਕਿਸੇ ਦੀ ਪੀੜ, ਨਾ ਖੁਸ਼ੀਆਂ 'ਚ ਸ਼ਾਮਲ
ਇਹ 'ਲੋਚੀ' ਤਾਂ ਕਲੰਦਰ ਜਾਪਦਾ ਹੈ।

(3)

ਕੈਸੇ ਰੰਗ ਦਿਖਾਏ ਦੇਖ ਮੁਕੱਦਰ ਨੇ,
ਸਭ ਕੁੱਝ ਹੁੰਦਿਆਂ ਸੁੰਦਿਆਂ ਵੀ ਘਰ ਖੰਡਰ ਨੇ।

ਤੂੰ ਫੁੱਲਾਂ ਦੇ ਸ਼ਹਿਰ ਦਾ ਵਾਸੀ ਕੀ ਜਾਣੇਂ,
ਸਾਨੂੰ ਤਾਂ ਖਾਬਾਂ ਵਿੱਚ ਦਿੱਸਦੇ ਖੰਜਰ ਨੇ।

ਮਥੁਰਾ ਵਿੱਚ ਭਗਵਾਨ ਗੁਆਚਾ ਘਰ ਲੱਭੇ,
ਏਸ ਗਲੀ ਵਿੱਚ ਬਣ ਗਏ ਥਾਂ-ਥਾਂ ਮੰਦਰ ਨੇ।

ਜਿੰਨੇ ਮੇਰੇ ਚਿਹਰੇ ਤੋਂ ਤੂੰ ਪੜ੍ਹ ਲਏ ਨੇ,
ਉਸ ਤੋਂ ਬਹੁਤੇ ਡਰ ਤਾਂ ਮੇਰੇ ਅੰਦਰ ਨੇ।

ਐਵੇਂ ਲੋਚੀ ਦੇ ਘੋੜੇ ਚੜ੍ਹਿਆ ਏਂ
ਇਸ ਮਿੱਟੀ ਦੇ ਥੱਲੇ ਬਹੁਤ ਸਿਕੰਦਰ ਨੇ।

(4)

ਹਉਮੈ ਦਾ ਨਾਂਅ ਕਿੱਧਰੇ ਕੋਈ ਖਿਲਾਰਾ ਸੀ,
ਨਿੱਕਾ ਸੀ ਪਰ ਸ਼ਹਿਰ ਉਹ ਕਿੰਨਾ ਪਿਆਰਾ ਸੀ।

ਨਿੱਕੀ-ਨਿੱਕੀ ਗੱਲ ਚੋਂ ਖੁਸ਼ੀਆਂ ਫੜਦੇ ਸੀ,
ਮੇਰੇ ਵੱਡਿਆਂ ਦਾ ਵੀ ਸ਼ਾਹੂਕਾਰਾ ਸੀ।

ਇਹ ਗਜਲਾਂ ਤਾਂ ਟੋਟੇ ਟੁਕੜੇ ਉਸਦੇ,
ਮੇਰੇ ਅੰਦਰੋਂ ਟੁਟਿਆ ਜਿਹੜਾ ਤਾਰਾ ਸੀ।

ਤੂੰ ਤਾਂ ਐਵੇਂ ਢੇਰੀ ਢਾਹ ਕੇ ਬੈਠ ਗਿਓਂ,
ਤੇਰੇ ਨਾਲੋਂ ਸਭ ਦਾ ਦੁਖੜਾ ਭਾਰਾ ਸੀ।

ਤੂੰ ਕਿਉਂ 'ਲੋਚੀ' ਦਰਦ ਸੁਣਾਏ ਕੰਧਾਂ ਨੂੰ,
ਹੂੰਗਰ ਸੀ, ਨਾ ਕਿੱਧਰੇ ਕੋਈ ਹੁੰਗਾਰਾ ਸੀ।

ਬਾਲ ਸਾਹਿਤ ਦੇ ਸਿਰਜਕ-12

ਬਾਲ ਸਾਹਿਤ ਦੇ ਸਿਰਜਕ- ਕਰਮਜੀਤ ਗਰੇਵਾਲ

ਮੁਲਾਕਾਤੀ

ਬਲਜਿੰਦਰ ਮਾਨ

ਲੁਧਿਆਣੇ ਜ਼ਿਲ੍ਹੇ ਦੇ ਪਿੰਡ ਲਲਤੋਂ ਕਲਾਂ ਵਿੱਚ ਬੱਚਿਆਂ ਦੇ ਦਿਲ ਦਿਮਾਗ ਅੰਦਰ ਵਿੱਦਿਆ ਦੇ ਰੌਸ਼ਨ ਚਿਰਾਗ ਬਾਲ ਰਿਹਾ ਕਰਮਜੀਤ ਗਰੇਵਾਲ ਸਿਰਫ਼ ਇੱਕ ਅਧਿਆਪਕ ਹੀ ਨਹੀਂ ਹੈ। ਜਿੱਥੇ ਉਹ ਇੱਕ ਮਿਹਨਤ ਅਤੇ ਲਗਨ ਵਾਲਾ ਅਧਿਆਪਕ ਹੈ, ਉੱਥੇ ਉਹ ਇੱਕ ਨਾਟਕਕਾਰ, ਗੀਤਕਾਰ, ਅਦਾਕਾਰ, ਸੰਗੀਤਕਾਰ ਅਤੇ ਪਤਾ ਨਹੀਂ ਕਿੰਨੀਆਂ ਹੋਰ ਕਲਾਵਾਂ ਆਪਣੇ ਅੰਦਰ ਲਈ, ਬੈਠਾ ਹੈ। ਉਸ ਅੰਦਰ ਸਮਾਜ ਲਈ ਲੋਹੜੇ ਦਾ ਦਰਦ ਹੈ। ਕਦੀ ਉਹ ਭਰੂਣ ਹੱਤਿਆ ਖਿਲਾਫ਼ ਗੀਤ ਲਿਖਦਾ ਹੈ। ਫਿਰ ਬੱਚਿਆਂ ਨੂੰ ਤਿਆਰ ਕਰਾ ਕੇ ਮੁਕਾਬਲੇ ਜਿਤਾਉਂਦਾ ਹੈ। ਉਹ ਕੇਵਲ ਧਾਲੀਵਾਲ, ਨਿਰਮਲ ਰਿਸ਼ੀ, ਹੀਰਾ ਸਿੰਘ ਰੰਧਾਵਾ ਵਰਗੇ ਨਾਟਕਕਾਰਾਂ ਨਾਲ ਅਦਾਕਾਰੀ ਵੀ ਕਰਦਾ ਹੈ। ਉਸ ਦੀ ਕਲਾ ਸਮਾਜ ਦੇ ਬੌਨੇ ਅੰਗਾਂ ਨੂੰ ਵਿਕਸਤ ਕਰਨ ਲਈ ਹੈ।

"ਛੱਡ ਕੇ ਸਕੂਲ ਮੈਨੂੰ ਆ ਅਤੇ ਮੈਨੂੰ ਕਤਲ ਨਾ ਕਰੋ ਮਾਂ-ਪਿਉ' ਦੀ ਕੋਰਿਉਗ੍ਰਾਫ਼ੀ ਨੇ ਅਨੇਕਾਂ ਦਰਸ਼ਕਾਂ ਦੀਆਂ ਅੱਖਾਂ ਨਮ ਕੀਤੀਆਂ ਹਨ। ਉਹ ਖ਼ੁਦ ਵੀ ਇੱਕ ਵਧੀਆ ਗਾਇਕ ਹੈ। ਕਵਿਤਾ, ਗੀਤ, ਗ਼ਜ਼ਲ ਅਤੇ ਬਾਲ-ਗੀਤ ਅਖ਼ਬਾਰਾਂ ਰਸਾਲਿਆਂ ਵਿੱਚ ਅਕਸਰ ਪੜ੍ਹਨ ਨੂੰ ਮਿਲ ਜਾਂਦੇ ਹਨ। ਸਾਖ਼ਰਤਾ ਸੰਮਤੀ ਲੁਧਿਆਣਾ ਵੱਲੋਂ ਪ੍ਰਕਾਸ਼ਿਤ ਕੀਤੀ ਪੁਸਤਕ ਵਿੱਚ ਮਾਂ ਦਾ ਭਰੂਣ ਹੱਤਿਆ ਖਿਲਾਫ਼, ਉਸ ਦੇ 6 ਗੀਤ ਸ਼ਮਲ ਕੀਤੇ ਗਏ ਸਨ। ਲੋਕ-ਗੀਤ ਪ੍ਰਕਾਸ਼ਨ ਚੰਡੀਗੜ੍ਹ ਵੱਲੋਂ ਸੁਰਜੀਤ ਪਾਤਰ ਦੀ ਅਗਵਾਈ ਹੇਠ ਗਰੇਵਾਲ ਦੀ ਪ੍ਰਕਾਸ਼ਤ ਪੁਸਤਕ "ਛੱਡ ਕੇ ਸਕੂਲ ਮੈਨੂੰ ਆ" ਨੂੰ ਬਾਲ-ਪਾਠਕਾਂ ਨੇ ਭਰਪੂਰ ਹੁੰਗਾਰਾ ਦਿੱਤਾ ਹੈ। ਉਹ ਪੰਜਾਬ ਤੋਂ ਬਾਹਰ ਹਰਿਆਣਾ, ਦਿੱਲੀ ਅਤੇ ਰਾਜਸਥਾਨ ਆਦਿ ਰਾਜਾਂ ਵਿੱਚ ਵੀ ਆਪਣੀ ਕਲਾ ਦੇ ਜੌਹਰ ਦਿਖਾ ਚੁੱਕਿਆ ਹੈ। ਉਸ ਦੀ ਦਿਲੀ ਇੱਛਾ ਹੈ ਕਿ ਬਾਲਾਂ ਅੰਦਰ ਨੈਤਿਕ ਕਦਰਾਂ-ਕੀਮਤਾਂ , ਉਸਾਰੂ ਗੀਤਾਂ ਅਤੇ ਬਾਲ-ਸਾਹਿਤ ਨਾਲ ਭਰੀਆਂ ਜਾਣ। ਉਸ ਦੇ ਗੀਤਾਂ ਦੀਆਂ ਹੋਰ ਪੁਸਤਕਾਂ ਵੀ ਜਲਦੀ ਹੀ ਬੱਚਿਆਂ ਦੇ ਹੱਥਾਂ ਵਿੱਚ ਪੁੱਜ ਰਹੀਆਂ ਹਨ। ਉਹ ਇੱਕ ਸਮੱਰਪਿਤ ਅਧਿਆਪਕ ਅਤੇ ਬਾਲ ਮਨਾਂ ਦਾ ਹਾਣੀ ਲੇਖਿਕ ਹੈ। ਉਸ ਦੀ ਰਚਨਾ ਵਿੱਚ ਇੱਕ ਨਵਾਂ ਤੇ ਨਰੋਆ ਸੁਨੇਹਾ ਬੜੇ ਦਿਲਚਸਪ ਤਰੀਕੇ ਨਾਲ ਦਿੱਤਾ ਗਿਆ ਹੁੰਦਾ ਹੈ।

ਕਰਮਜੀਤ ਗਰੇਵਾਲ

ਆਜ਼ਾਦੀ ਸੰਗਰਾਮੀ ਅਜੀਤ ਸਿੰਘ ਬਾਰੇ ਦਸਤਾਵੇਜ਼ੀ ਨਾਵਲ/ ਕਿਸ਼ਤ-49

ਬਾਗ਼ੀ ਮਸੀਹਾ



ਅਜੀਤ ਰਾਹੀ



ਅਸਲ ਵਿੱਚ ਮੈਂ ਜਰਮਨ ਰਾਜਨੀਤਕ ਕਾਰਨਾਂ ਕਰਕੇ ਜਾਣਾ ਚਾਹੁੰਦਾ ਸੀ। ਪੈਰਿਸ ਵਿੱਚ ਰਹਿੰਦਿਆਂ ਹੀ ਮੈਂ ਯਤਨ ਕਰਦਾ ਰਿਹਾ ਆਖ਼ਰ ਮੈਨੂੰ ਇੱਕ ਮੌਕਾ ਮਿਲ ਗਿਆ ਅਤੇ ਮੈਂ ਇਸ ਦਾ ਲਾਭ ਉਠਾਇਆ। ਪੈਰਿਸ ਵਿੱਚ ਇੱਕ ਹਿੰਦੋਸਤਾਨੀ ਵਪਾਰੀ ਆਇਆ, ਉਹ ਬੜਾ ਅਮੀਰ ਸੀ। ਉਸ ਦੇ ਸਾਰੇ ਯੂਰਪ ਦੇ ਵੱਡੇ-ਵੱਡੇ ਸ਼ਹਿਰਾਂ ਵਿੱਚ ਏਜੰਟ ਸਨ। ਜਿਵੇਂ ਬਰਸਲਜ਼, ਐਂਡਵੈਰਪ, ਪੈਰਿਸ ਅਤੇ ਲੰਡਨ ਆਦਿ ਵਿੱਚ। ਉਹ ਗਹਿਣਿਆਂ ਦਾ ਵਪਾਰੀ ਸੀ। ਉਹ ਜਰਮਨੀ ਗਹਿਣੇ ਖ਼ਰੀਦਣ ਜਾਣਾ ਚਾਹੁੰਦਾ ਸੀ। ਪਰ ਉਸ ਦਾ ਪੈਰਿਸ ਦਾ ਏਜੰਟ ਅਤੇ ਨਾ ਹੀ ਵਪਾਰੀ ਅੰਗ੍ਰੇਜ਼ੀ ਨਹੀਂ ਸੀ ਜਾਣਦੇ। ਇਸ ਲਈ ਉਸ ਨੇ ਮੈਨੂੰ ਆਪਣੇ ਨਾਲ ਚੱਲਣ ਲਈ ਅਤੇ ਉਸ ਵੱਲੋਂ ਚਿੱਠੀ ਪੱਤਰ ਕਰਨ ਲਈ ਬੇਨਤੀ ਕੀਤੀ। ਮੈਂ ਇਸ ਲਈ ਸਹਿਮਤ ਹੋ ਗਿਆ ਕਿਉਂਕਿ ਮੇਰਾ ਤਾਂ ਆਪਣਾ ਜ਼ਰੂਰੀ ਕੰਮ ਸੀ। ਵਪਾਰੀ ਤਾਂ ਕੋਈ ਵੀ ਯੂਰਪੀ ਭਾਸ਼ਾ ਨਹੀਂ ਸੀ ਜਾਣਦਾ। ਉਸ ਦਾ ਏਜੰਟ ਬਹੁਤ ਥੋੜ੍ਹੀ ਅੰਗ੍ਰੇਜ਼ੀ ਜਾਣਦਾ ਸੀ। ਮੈਂ ਉਸ ਵੱਲੋਂ ਜਰਮਨੀ ਫਰਮਾਂ ਨਾਲ ਚਿੱਠੀ ਪੱਤਰ ਕਰਨ ਦੀ ਜ਼ਿੰਮੇਵਾਰੀ ਲੈ ਲਈ।

ਮੈਂ ਤਾਂ ਇਸ ਮੌਕੇ ਨੂੰ ਜਰਮਨੀ ਜਾਣ ਲਈ ਵਰਤਣਾ ਚਾਹੁੰਦਾ ਸੀ। ਉਸ ਦਾ ਪੈਰਿਸ ਦਾ ਏਜੰਟ ਮੇਰੀਆਂ ਰਾਜਨੀਤਿਕ ਸਰਗਰਮੀਆਂ ਤੋਂ ਜਾਣੂ ਸੀ ਪਰ ਵਪਾਰੀ ਨੂੰ ਇਸ ਬਾਰੇ ਕੁਝ ਨਹੀਂ ਸੀ ਪਤਾ। ਇਸ ਲਈ ਮੇਰੀ ਗੱਲ ਸਿੱਧੀ ਵਪਾਰੀ ਨਾਲ ਹੀ ਹੋਈ ਸੀ। ਜ ਦ ਐਂਡਵੈਰਪ ਪਹੁੰਚੇ ਤਾਂ ਉਸ ਦੇ ਉੱਥੋਂ ਦੇ ਏਜੰਟ ਨੇ ਉਸ ਨੂੰ ਸਲਾਹ ਦਿੱਤੀ ਕਿ ਤਿੰਨ ਜਾਂ ਚਾਰ ਲੱਖ ਦੇ ਗਹਿਣੇ ਖ਼ਰੀਦ ਲਵੇ ਕਿਉਂਕਿ ਕੀਮਤਾਂ ਵਿੱਚ ਵਾਧੇ ਦੇ ਅਸਾਰ ਨਜ਼ਰ ਆ ਰਹੇ ਸੀ। ਵਪਾਰੀ ਨੇ ਇਵੇਂ ਹੀ ਕੀਤਾ ਅਤੇ ਆਪਣਾ ਬਹੁਤ ਸਾਰਾ ਪੈਸਾ ਏਜੰਟ ਜਮ੍ਹਾਂ ਕਰਾ ਦਿੱਤਾ। ਗਹਿਣੇ ਖ਼ਰੀਦ ਕੇ ਵਪਾਰੀ ਨੇ ਸੁਨਿਆਰਿਆਂ ਨੂੰ ਵੰਡ ਦਿੱਤੇ ਤਾਂ ਕਿ ਇਹਨਾਂ ਦੀਆਂ ਮੁੰਦਰੀਆਂ ਬਣਾਈਆਂ ਜਾ ਸਕਣ। ਮੈਂ ਵਪਾਰੀ ਨੂੰ ਕਿਹਾ ਕਿ ਉਹ ਇਹ ਕੀ ਕਰ ਰਿਹਾ ਹੈ?

ਬਾਕੀ ਸਫਾ II 'ਤੇ

ਛਿੰਦੋ ਦਾ ਵਿਆਹ

ਸਾਂਝਾਂ ਆਰ-ਪਾਰ ਦੀਆਂ -12

ਹਰਭਜਨ ਸਿੰਘ ਬਰਾੜ

92161-44432

ਸਾਡੇ ਪਿੰਡ ਦਾ ਚੌਕੀਦਾਰ ਬਾਬਾ ਭੂੰਡਾ, ਜੇ ਕਿ ਸੱਠ-ਪੈਂਹਠ ਸਾਲ ਦਾ ਸੀ ਦਾ ਸਾਡੇ ਬਜ਼ੁਰਗਾਂ ਨਾਲ ਕਾਫ਼ੀ ਨੇੜ ਸੀ। ਉਹ ਲੰਘਦਜਾ ਕਰਦਾ ਚਾਹ-ਪਾਣੀ-ਪ੍ਰਸ਼ਾਦਾ ਛੱਕ ਜਾਂਦਾ ਸੀ। ਉਸ ਨੂੰ ਮੇਰੇ ਬਾਰੇ ਪਤਾ ਸੀ ਕਿ ਇਹ ਬਾਹਰਲੇ ਮੁਲਕਾਂ ਨੂੰ ਬੰਦੇ ਲੈ ਕੇ ਜਾਂਦਾ ਹੈ। ਇੱਕ ਦਿਨ ਸ਼ਾਮ ਦਾ ਸਮਾਂ ਸੀ। ਬਾਬਾ ਭੂੰਡਾ ਸਾਡੇ ਘਰ ਆਇਆ ਤੇ ਮੈਨੂੰ ਕਹਿਣ ਲੱਗਾ ਕਿ ਪੁੱਤਰਾ ਮੈਂ ਕੰਮ ਆਇਆ ਹਾਂ। ਆਪਣੀ ਛਿੰਦੋ ਦਾ ਸਮਾਧ ਵਾਲਿਆਂ ਨੇ ਵਿਆਹ ਮੰਗ ਲਿਆ ਹੈ। ਉਸ ਨੂੰ ਮੰਗੀ ਨੂੰ ਵੀ ਦੋ-ਤਿੰਨ ਸਾਲ ਹੋ ਗਏ ਹਨ। ਪਰ ਕਿਤੇ ਹੱਥ ਨਹੀਂ ਪਿਆ। ਹੁਣ ਉਹਨਾਂ ਨੇ ਕਿਹਾ ਹੈ ਜਾਂ ਵਿਆਹ ਦਿਉ ਜਾਂ ਅਸੀਂ ਆਪਣਾ ਮੁੰਡਾ ਕਿਤੇ ਹੋਰ ਵਿਆਹ ਲੈਂਦੇ ਹਾਂ। ਮੈਂ ਤੇਰੇ ਕੋਲ ਆਇਆ ਹਾਂ। ਦੱਸ ਮੇਰੀ ਕੀ ਮੱਦਦ ਕਰੇਂਗਾ। ਧੀ ਨੂੰ ਬੂਹੇ ਤੋਂ ਉਠਾਈਏ। ਉਹ ਪੰਝੀ-ਛੱਬੀ ਸਾਲ ਦੀ ਹੋ ਗਈ ਹੈ। ਮੈਂ ਬਾਬੇ ਨੂੰ ਕਿਹਾ ਰਿ ਬਾਬਾ ਇੱਕ ਹਜ਼ਾਰ ਰੁਪਈਆ ਅਤੇ ਪੰਜ ਬਿਸਤਰੇ ਦੇ ਦਿਆਂਗਾ। ਬੁੱਢੇ ਦਾ ਇੱਕ ਦਮ ਰੰਗ ਲਾਲ ਹੋ ਗਿਆ। ਉਸ ਨੇ ਕਿਹਾ, ਬਸ ਪੁੱਤਰਾ ਫਿਰ ਤਾਂ ਗੱਲ ਬਣ ਹੀ ਗਈ।

ਪੰਦਰਾਂ ਵੀਹ ਦਿਨ ਬਾਅਦ ਸਾਡਾ ਇੱਕ ਦਸ ਬੰਦਿਆਂ ਦਾ ਗਰੁੱਪ ਈਰਾਨ ਜਾਣਾ ਸੀ। ਅੰਮ੍ਰਿਤਸਰ ਤੋਂ ਜਹਾਜ਼ ਫੜਨਾ ਸੀ। ਅੰਮ੍ਰਿਤਸਰ ਤੋਂ ਕਾਬਲ ਹਵਾਈ ਜਹਾਜ਼ 'ਤੇ ਜਾਣਾ ਸੀ। ਉਸ ਤੋਂ ਅੱਗੇ ਬੱਸਾਂ ਉੱਤੇ ਜਾਣਾ ਸੀ। ਮੈਂ ਈਰਾਨ ਜਾਣ ਵਾਲੇ ਬੰਦਿਆਂ ਨੂੰ ਕਿਹਾ ਕਿ ਸਾਰੇ ਰਲ ਕੇ ਪੰਜ ਬਿਸਤਰੇ ਨਾਲ ਲੈ ਲੈਣੇ। ਕਿਉਂਕਿ ਬਿਸਤਰੇ ਬਹੁਤ ਜਰੂਰੀ ਹਨ। ਉੱਥੇ ਬਹੁਤ ਠੰਡ ਪੈਂਦੀ ਹੈ। ਫਲਾਇਟ ਦਾ ਦਿਨ ਆ ਗਿਆ। ਦਸ ਬੰਦੇ ਜਾਣ ਵਾਲੇ ਅਤੇ ਦੋ-ਦੋ ਤਿੰਨ-ਤਿੰਨ ਬੰਦੇ ਉਹਨਾਂ ਨੂੰ ਚੜ੍ਹਾਉਣ ਵਾਲੇ। ਆਪਣੀ ਗੱਡੀ ਵਿੱਚ ਮੈਂ ਬਾਬੇ ਦੇ ਮੁੰਡੇ ਭੂੰਡੇ ਨੂੰ ਬਿਠਾ ਲਿਆ। ਜਦੋਂ ਅਸੀਂ ਅੰਮ੍ਰਿਤਸਰ ਏਅਰਪੋਰਟ 'ਤੇ ਗਏ ਤਾਂ ਜਹਾਜ਼ ਅੱਠ ਘੰਟੇ ਲੇਟ ਸੀ। ਅਰਿਆਨਾ, ਅਫ਼ਗਾਨਾ ਏਅਰਲਾਇਨ ਜਿਹੜੀ ਕਿ ਸ਼ਅਫ਼ਗਾਨਿਸਤਾਨ ਦੀ ਹੈ। ਉਦੋਂ ਉਨ੍ਹਾਂ ਕੋਲ ਚਾਰ-ਪੰਜ ਜਹਾਜ਼ ਹੀ ਹੁੰਦੇ ਸਨ ਜੋ ਉਹ ਸਾਰੀ ਦੁਨੀਆਂ 'ਤੇ ਹੀ ਚੱਕਰ ਕੱਟਦੇ ਰਹਿੰਦੇ ਸਨ। ਮੁੰਡਿਆਂ ਦੇ ਘਰਦਿਆਂ ਨੇ ਕਿਹਾ ਰਿ ਬਰਾੜ ਸਾਹਿਬ ਜਹਾਜ਼ ਕਦੋਂ ਜਾਣਾ ਹੈ। ਮੈਂ ਕਿਹਾ ਬਸ ਆਉਣ ਹੀ ਵਾਲਾ ਹੈ। ਦੋ-ਤਿੰਨ ਘੰਟੇ ਗੁਜ਼ਰ ਗਏ। ਘਰ ਵਾਲੇ ਬੜੇ ਪ੍ਰੇਸ਼ਾਨ ਹੋਏ ਕਿ ਜਹਾਜ਼ ਕਿਉਂ ਨਹੀਂ ਆਇਆ।

ਮੈਂ ਕਿਹਾ ਬਸ ਅੱਧੇ ਘੰਟੇ ਤੱਕ ਆਉਣ ਵਾਲਾ ਹੈ। ਕਰਦੇ ਕਰਾਉਂਦੇ ਪੰਜ-ਛੇ ਘੰਟੇ ਲੰਘ ਗਏ। ਉਹ ਫਿਰ ਪੁੱਛਣ ਲੱਗੇ ਕਿ ਬਾਈ ਜੀ ਜਹਾਜ਼ ਨੂੰ ਕੀ ਹੋ ਗਿਆ ਹੈ। ਅਸੀਂ ਤਾਂ ਮੁੜ ਕੇ ਘਰ ਵੀ ਜਾਣਾ ਹੈ। ਘਰ ਵਾਲੇ ਉਡੀਕਦੇ ਹੋਣਗੇ। ਮੈਂ ਏਅਰਪੋਰਟ ਦੇ ਅੰਦਰ ਗਿਆ। ਤੁਰ ਫਿਰ ਕੇ ਮੁੜ ਆਇਆ ਤੇ ਉਹਨਾਂ ਨੂੰ ਕਿਹਾ ਕਿ ਜਹਾਜ਼ ਦਾ ਤੇਲ ਮੁੱਕ ਗਿਆ ਹੈ। ਜਹਾਜ਼ ਤਾਂ ਦੋ ਘੰਟੇ ਪਹਿਲਾਂ ਹੀ ਆ ਗਿਆ ਸੀ। ਪਰ ਇਹ ਇੰਡੀਆ ਵਾਲੇ ਜਹਾਜ਼ ਵਿੱਚ ਤੇਲ ਨਹੀਂ ਪਾਉਂਦੇ। ਕਿਉਂਕਿ ਜਹਾਜ਼ ਬਗਾਨੇ ਮੁਲਕ ਦਾ ਹੈ ਜੇ ਆਪਾਂ ਦੋ-ਤਿੰਨ ਹਜ਼ਾਰ ਰੁਪਈਏ ਦੇ ਦਈਏ ਤਾਂ ਜਹਾਜ਼ ਇੱਕ ਘੰਟੇ ਵਿੱਚ ਜਾ ਸਕਦਾ ਹੈ। ਪੈਸੇ ਤੁਹਾਨੂੰ ਕਾਬਲ ਜਾ ਕੇ ਮਿਲ ਜਾਣਗੇ। ਲਿਸਟ ਬਣਾ ਲੈਂਦੇ ਹਾਂ। ਜਿੰਨ੍ਹੇ-ਜਿੰਨ੍ਹੇ ਕਿਸੇ ਦੇ ਪੈਸੇ ਹਨ ਉਹ ਲਿਖ ਲੈਂਦੇ ਹਾਂ। ਆਪਣੇ ਪੈਸੇ ਵੀ ਕਾਬਲ ਪਹੁੰਚ ਜਾਣਗੇ ਤੇ ਜਹਾਜ਼ ਵੀ ਉੱਡ ਜਾਵੇਗਾ। ਤੁਸੀਂ ਵੀ ਘਰ ਟਾਈਮ ਨਾਲ ਪਹੁੰਚ ਜਾਉਗੇ।

ਮੁੰਡੇ ਵੀ ਠੀਕ ਸਮੇਂ 'ਤੇ ਪਹੁੰਚ ਜਾਣਗੇ। ਸਾਰਿਆਂ ਨੇ ਸਲਾਹ ਕਰਕੇ ਦਿੱਤੇ। ਬੱਤੀ ਸੌ ਰੁਪਈਆ ਜਮ੍ਹਾ ਹੋ ਗਿਆ ਅਤੇ ਉਨੀ ਦੇਰ ਨੂੰ ਜਹਾਜ਼ ਵੀ ਆ

ਬਾਕੀ ਸਫਾ II 'ਤੇ